# ਦਫਤਰ ਜਿਲਾ ਮੈਜਿਸਟਰੇਟ ਕਪੂਰਥਲਾ।

ਹੁਕਮ

ਨਿਮਨ ਹਸਤਾਖਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਜਿਲਾ ਕਪੂਰਥਲਾ ਵਿੱਚ ਵੱਡੀ ਗਿਣਤੀ ਵਿੱਚ ਸਾਈਬਰ ਕੈਫੇ/ਐਸ.ਟੀ.ਡੀ.,ਪੀ.ਸੀ.ਓ./ਹੋਟਲ ਆਦਿ ਹਨ। ਵੱਡੀ ਗਿਣਤੀ ਵਿੱਚ ਪਬਲਿਕ ਇਨ੍ਹਾਂ ਥਾਵਾਂ ਤੇ ਆਉਂਦੀ, ਹੋਟਲਾਂ ਆਦਿ ਵਿੱਚ ਠਹਿਰਦੀ ਹੈ ਅਤੇ ਈ.ਮੇਲ/ਇੰਟਰਨੈਟ/ਐਸ.ਟੀ.ਡੀ.ਕਾਲ ਵਗੈਰਾ ਦੀ ਸਹੂਲਤਾਂ ਦੀ ਵਰਤੋ ਕਰਦੀ ਹੈ। ਰਾਸ਼ਟਰ ਵਿਰੋਧੀ ਤੱਤ ਇਨ੍ਹਾਂ ਸਹੂਲਤਾਂ ਨੂੰ ਸੁਰੱਖਿਆ/ਤਫਤੀਸ਼ੀ ਏਜੰਸੀਆਂ ਨੂੰ ਗੁੰਮਰਾਹ ਕਰਨ, ਪਬਲਿਕ ਵਿੱਚ ਆਤੰਕ ਫੈਲਾਉਣ,ਵੀ.ਆਈ.ਪੀਜ਼, ਆਮ ਪਬਲਿਕ ਅਤੇ ਸਰਕਾਰੀ ਸੰਸਥਾਵਾਂ ਨੂੰ ਖਤਰੇ ਵਿੱਚ ਪਾਉਣ ਲਈ ਵਰਤ ਸਕਦੇ ਹਨ ਅਤੇ ਰਾਜ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਲਈ ਸਿੱਧਾ ਅੱਤਵਾਦੀ ਕਾਰਵਾਈਆਂ ਵਿੱਚ ਮਦਦ ਕਰ ਸਕਦੇ ਹਨ। ਇਸ ਲਈ ਮਨੁੱਖੀ ਜਾਨਾਂ ਨੂੰ ਖਤਰੇ ਵਿੱਚ ਪਾਉਣ ਤੋਂ ਬਚਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣ ਦੀ ਜਰੂਰਤ ਹੈ।

ਇਸ ਲਈ ਮੈਂ ਮੁਹੰਮਦ ਤਇਅਬ,ਆਈ.ਏ.ਐਸ, ਜਿਲਾ ਮੈਜਿਸਟਰੇਟ ਕਪੂਰਥਲਾ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਜਿਲਾ ਕਪੂਰਥਲਾ ਵਿੱਚ ਪੈਂਦੇ ਸਮੂਹ ਸਾਈਬਰ ਕੈਫੇ/ਐਸ.ਟੀ.ਡੀ.,ਪੀ.ਸੀ.ਓ./ਹੋਟਲ ਮਾਲਕਾਂ ਲਈ ਹੇਠ ਲਿਖੇ ਹੁਕਮ ਜਾਰੀ ਕਰਦਾ ਹਾਂ ਕਿ

1. ਹਰੇਕ ਸਾਈਬਰ ਕੈਫੇ/ਐਸ.ਟੀ.ਡੀ.,ਪੀ.ਸੀ.ਓ./ਹੋਟਲ ਆਦਿ ਦੇ ਮਾਲਕ ਆਪਣੇ ਅਦਾਰਿਆਂ ਤੇ ਸੀ.ਸੀ.ਟੀ.ਵੀ ਕੈਮਰੇ ਲਵਾਉਣਗੇ, ਜਿਸ ਵਿੱਚ ਪਿਛਲੇ 7 ਦਿਨਾਂ ਦੀ ਰਿਕਾਰਡਿੰਗ ਦੀ ਸਹੂਲਤ ਹੋਣੀ ਚਾਹੀਦੀ ਹੈ।
2. ਕੋਈ ਵੀ ਵਿਅਕਤੀ ਜਿਸ ਦੀ ਸ਼ਨਾਖਤ ਉਕਤ ਅਦਾਰੇ ਦੇ ਮਾਲਕ/ ਮੈਨੇਜਰ ਵੱਲੋਂ ਨਾ ਕੀਤੀ ਹੋਵੇ, ਉਹ ਵਿਅਕਤੀ ਅਦਾਰੇ ਦੀ ਵਰਤੋਂ ਨਹੀਂ ਕਰੇਗਾ।
3. ਸਾਈਬਰ ਕੈਫੇ/ਹੋਟਲ ਆਦਿ ਦੇ ਮਾਲਕ ਆਉਣ ਵਾਲੇ ਵਿਅਕਤੀ ਦਾ ਅੰਦਰਾਜ ਸਬੰਧੀ ਰਜਿਸਟਰ ਲਗਾਉਣਗੇ।
4. ਕੈਫੇ ਦੀ ਵਰਤੋਂ ਕਰਨ ਵਾਲੇ ਵਲੋਂ ਰਜਿਸਟਰ ਵਿੱਚ ਆਪਣੀ ਹੱਥ ਲਿਖਤ ਨਾਲ ਆਪਣਾ ਨਾਮ, ਪੱਕਾ ਪਤਾ, ਟੈਲੀਫੋਨ ਨੰਬਰ ਅਤੇ ਸ਼ਨਾਖਤ ਲਿਖਣਗੇ ਅਤੇ ਆਪਣੇ ਦਸਤਖਤ ਰਜਿਸਟਰ ਤੇ ਕਰਨਗੇ।
5. ਕੈਫੇ/ ਹੋਟਲ ਵਿੱਚ ਆਉਣ ਵਾਲੇ ਦੀ ਸ਼ਨਾਖਤ ਆਧਾਰ ਕਾਰਡ, ਸ਼ਨਾਖਤੀ ਕਾਰਡ, ਵੋਟਰ ਕਾਰਡ, ਡਰਾਈਵਿੰਗ ਲਾਈਸੈਂਸ, ਪਾਸਪੋਰਟ, ਫੋਟੋ ਵਾਲਾ ਕਰੈਡਿਟ ਕਾਰਡ ਦੇ ਰਾਹੀ ਕੀਤੀ ਜਾਵੇਗੀ।
6. ਸਰਵਰ ਤੇ ਕੀਤੀ ਗਈ ਕਾਰਵਾਈ ਇੱਕ ਮੇਨ ਸਰਵਰ ਤੇ ਰੱਖੀ ਜਾਵੇਗੀ, ਜਿਸਦਾ ਰਿਕਾਰਡ ਘੱਟ ਤੋਂ ਘੱਟ 6 ਮਹੀਨੇ ਲਈ ਰੱਖਿਆ ਜਾਵੇਗਾ।
7. ਜੇਕਰ ਸਾਈਬਰ ਕੈਫੇ/ ਐਸ.ਟੀ.ਡੀ.,ਪੀ.ਸੀ.ਓ./ ਹੋਟਲ ਵਿੱਚ ਆਉਣ ਵਾਲੇ ਵਿਅਕਤੀ ਦੀ ਕਾਰਵਾਈ ਸ਼ੱਕੀ ਜਾਪੇ ਤਾਂ ਸਬੰਧਤ ਮਾਲਕ ਇਸ ਦੀ ਸੂਚਨਾ ਤੁਰੰਤ ਸਬੰਧਤ ਪੁਲਿਸ ਥਾਣੇ ਨੂੰ ਦੇਵੇਗਾ।
8. ਉਸ ਵਿਅਕਤੀ ਵਲੋਂ ਵਰਤੋਂ ਵਿੱਚ ਲਿਆਂਦੇ ਗਏ ਕੰਪਿਊਟਰ ਦਾ ਰਿਕਾਰਡ ਮੈਨਟੇਨ ਕੀਤਾ ਜਾਵੇ।

ਇਹ ਹੁਕਮ ਮਿਤੀ 21-03-2018 ਤੋ 19-05-2018 ਤੱਕ ਲਾਗੂ ਰਹਿਣਗੇ।

ਇਹ ਹੁਕਮ ਮਾਮਲੇ ਦੀ ਤੱਤਪਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸਬੋਧਿਤ ਕੀਤਾ ਜਾਂਦਾ ਹੈ। ਇਸ ਹੁਕਮ ਦਾ ਪ੍ਰਚਾਰ ਜਿਲਾ ਲੋਕ ਸੰਪਰਕ ਅਫਸਰ,ਕਪੂਰਥਲਾ ਵੱਲੋ ਪ੍ਰਿੰਟ/ਇਲੈਕਟ੍ਰੋਨਿਕ ਮੀਡੀਆ ਰਾਹੀ ਅਤੇ ਰੇਲਵੇ ਸਟੇਸ਼ਨ, ਬੱਸ ਅੱਡਾ, ਉਪ ਮੰਡਲ ਮੈਜਿਸਟਰੇਟਸ, ਤਹਿਸੀਲਦਾਰਜ਼, ਨਗਰ ਕੋਸਲਾਂ ਅਤੇ ਸਦਰ ਮੁਕਾਮਾਂ ਦੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀਆਂ ਨਕਲਾਂ ਚਸਪਾ ਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਮਿਤੀ 20-03-2018 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

(ਜ਼ਿਲਾ ਮੈਜਿਸਟਰੇਟ ਕਪੂਰਥਲਾ — stamp)

ਜਿਲਾ ਮੈਜਿਸਟਰੇਟ
ਕਪੂਰਥਲਾ ।

ਪਿਠ ਅੰਕਣ ਨੰ: 964-1017 /ਐਮ.ਏ. ਮਿਤੀ 20-03-18

ਇਸ ਦਾ ਇਕ ਉਤਾਰਾ :-

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ ।
2. ਗ੍ਰਹਿ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ ।
3. ਕਮਿਸ਼ਨਰ ਜਲੰਧਰ ਮੰਡਲ ਜਲੰਧਰ।
4. ਸਮੂਹ ਜਿਲਾ ਮੈਜਿਸਟਰੇਟਸ,ਪੰਜਾਬ ਰਾਜ।
5. ਸੀਨੀਅਰ ਪੁਲਿਸ ਕਪਤਾਨ ਕਪੂਰਥਲਾ/ਜ਼ਿਲਾ ਲੋਕ ਸੰਪਰਕ ਅਫਸਰ ਕਪੂਰਥਲਾ।
6. ਵਧੀਕ ਡਿਪਟੀ ਕਮਿਸ਼ਨਰ (ਜ) ਫਗਵਾੜਾ/ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਪੂਰਥਲਾ।
7. ਉਪ ਮੰਡਲ ਮੈਜਿਸਟਰੇਟ ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ/ਭੁਲੱਥ।
8. ਜਿਲਾ ਵਿਕਾਸ ਅਤੇ ਪੰਚਾਇਤ ਅਫਸਰ, ਕਪੂਰਥਲਾ।
9. ਤਹਿਸੀਲਦਾਰ,ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ/ਭੁਲੱਥ। ਨਾ:ਤਹਿ: ਢਿੱਲਵਾਂ/ਤਲਵੰਡੀ ਚੋਧਰੀਆਂ।
10. ਬੀ.ਡੀ.ਪੀ.ਓ ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ/ਨਡਾਲਾ/ਢਿਲਵਾਂ।
11. ਈ.ਓ.ਐਮ.ਸੀ., ਕਪੂਰਥਲਾ/ ਫਗਵਾੜਾ/ਸੁਲਤਾਨਪੁਰ ਲੋਧੀ/ਨਗਰ ਪੰਚਾਇਤ ਭੁਲੱਥ/ਢਿਲਵਾਂ।
12. ਲੀਡ ਬੈਂਕ ਅਫਸਰ/ ਜਿਲਾ ਖੁਰਾਕ ਅਤੇ ਸਪਲਾਈ ਕੰਟਰੋਲਰ, ਕਪੂਰਥਲਾ।
13. ਪੀ.ਏ ਟੂ ਡੀ.ਐਮ/ ਸਟੈਨੋ ਟੂ ਏ.ਡੀ.ਐਮ/ਏ.ਸੀ.(ਜ) ਕਪੂਰਥਲਾ

ਜੀ ਨੂੰ ਲੋੜੀਦੀ ਕਾਰਵਾਈ ਅਤੇ ਸੂਚਨਾ ਹਿਤ ਭੇਜਿਆ ਜ਼ਾਂਦਾ ਹੈ ।

ਜਿਲਾ ਮੈਜਿਸਟਰੇਟ
ਕਪੂਰਥਲਾ ।

New Order 636